USDA U.S. DEPARTMENT OF AGRICULTURE

# ਕਿਸਾਨਾਂ ਦੁਆਰਾ ਵਿੱਤਕਰੇ ਦਾ ਸਾਹਮਣਾ ਕਰਨ ਵਾਲਿਆਂ ਲਈ USDA ਵਿੱਤੀ ਸਹਾਇਤਾ ਨਾਲ ਸਬੰਧਿਤ ਧੋਖਾਧੜੀ ਤੋਂ ਬਚੋ

**(ਅਪਡੇਟਾਂ ਲਈ https://www.farmers.gov/22007 ਚੈੱਕ ਕਰੋ।)**

## ਸੰਖੇਪ ਜਾਣਕਾਰੀ

ਮਹਿੰਗਾਈ ਘਾਟ ਐਕਟ (Inflation Reduction Act (IRA)) ਦੀ ਧਾਰਾ 22007 ਕਿਸਾਨਾਂ, ਰੈਂਚਰਾਂ, ਅਤੇ ਜੰਗਲੀ ਜ਼ਮੀਨ ਮਾਲਕਾਂ ਲਈ ਵਿੱਤੀ ਸਹਾਇਤਾ ਵਿੱਚ $2.2 ਬੀਲੀਅਨ ਪ੍ਰਦਾਨ ਕਰਦੀ ਹੈ ਜਿਹਨਾਂ ਨੇ ਜਨਵਰੀ 1, 2021 ਤੋਂ ਪਹਿਲਾਂ ਦੇ USDA ਫਾਰਮ ਉਧਾਰ ਪ੍ਰੋਗਰਾਮਾਂ ਵਿੱਚ ਪੱਖਪਾਤ ਦਾਅਨਭਵ ਕੀਤਾ।

USDA ਕੁੱਝ ਵਕੀਲਾਂ ਅਤੇ ਸਮੂਹਾਂ ਬਾਰੇ ਜਾਣੂ ਹੈ ਜੋ ਇਸ ਪ੍ਰਕਿਰਿਆ ਬਾਰੇ ਗਲਤ ਜਾਣਕਾਰੀ ਫੈਲਾ ਰਹੇ ਹਨ, ਜਿਸ ਵਿੱਚ ਲੋਕਾਂ ਨੂੰ ਰੀਟੇਨਰ ਇਕਰਾਰਨਾਮੇ ਦਸਤਖਤ ਕਰਨ, ਅਤੇ ਲੋਕਾਂ ਨੂੰ ਨਿਜੀ ਅਤੇ ਸੰਵੇਦਨਸ਼ੀਲ ਜਾਣਕਾਰੀ ਸਮੇਤ ਫਾਰਮ ਭਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਨੋਟ ਕਰੋ ਕਿ ਇਸ ਪ੍ਰੋਗਰਾਮ ਲਈ ਦਰਖਾਸਤ ਫਾਰਮ ਹਾਲੇ ਉਪਲਬਧ **ਨਹੀਂ** ਹਨ ਅਤੇ ਦਰਖਾਸਤ ਭਰਨ ਦਾ ਸਮਾਂ ਹਾਲੇ ਸ਼ੁਰੂ **ਨਹੀਂ** ਹੋਇਆ ਹੈ।

ਤੁਸੀਂ ਇਸ ਪ੍ਰੋਗਰਾਮ ਬਾਰੇ ਅਪ-ਟੂ-ਡੇਟ ਜਾਣਕਾਰੀ **farmers.gov/22007**, USDA ਵੈੱਬਸਾਈਟ ਉੱਤੇ ਪਾ ਸਕਦੇ ਹੋ।

## ਖ਼ੁੱਦ ਨੂੰ ਸੰਭਾਵਿਤ ਧੋਖਾਧੜੀ ਤੋਂ ਬਚਾਓ!

**1. ਜਦੋਂ ਦੁਵਿਧਾ ਵਿੱਚ ਹੋਵੇ, ਇਸਦੀ ਜਾਂਚ ਕਰੋ।**

- ਕਿਸੇ ਵੀ ਅਗਿਆਤ ਪਾਰਟੀਆਂ ਨੂੰ ਨਿਜੀ ਜਾਂ ਵਿੱਤੀ ਜਾਣਕਾਰੀ ਦੇਣ ਤੋਂ ਪਰਹੇਜ਼ ਕਰੋ।
- USDA ਨਾਲ ਜੁੜੇ ਹੋਣ ਦਾ ਦਾਅਵਾ ਕਰਨ ਵਾਲੇ ਵਿਅਕਤੀਆਂ ਦੀ ਡਾਕ, ਈਮੇਲ, ਜਾਂ ਫੋਨ ਕਾਲਾਂ ਲੈਣ ਤੋਂ ਬਚੋ। USDA ਤੁਹਾਨੂੰ ਕੋਈ ਵੀ ਜਾਣਕਾਰੀ ਦੀ ਵਕਾਲਤ ਨਹੀਂ ਕਰਦੀ ਹੈ।
- ਇਸ ਵਿੱਤੀ ਸਹਾਇਤਾ ਵਿੱਚ ਅਪਲਾਈ ਕਰਨ ਲਈ ਕੋਈ ਫੀਸ **ਨਹੀਂ** ਹੈ।
- ਇਸ ਪ੍ਰੋਗਰਾਮ ਬਾਰੇ ਸੱਭ ਤੋਂ ਤਾਜ਼ਾ ਜਾਣਕਾਰੀ ਅਤੇ ਇਸ ਪ੍ਰੋਗਰਾਮ ਦੀ ਸਮਾਂਸਾਰਨੀ **farmers.gov/22007** ਉੱਤੇ ਪਾਈ ਜਾ ਸਕਦੀ ਹੈ। ਇਸ ਤੋਂ ਪਹਿਲਾਂ ਕਿ ਦਰਖਾਸਤ ਪ੍ਰਕਿਰਿਆ ਸ਼ੁਰੂ ਹੋਵੇ, ਇਸ ਪ੍ਰੋਗਰਾਮ ਦਾ ਰਾਸ਼ਟਰੀ ਪ੍ਰਬੰਧਕ ਵੈੱਬਪੇਜ ਪ੍ਰਦਾਨ ਕਰੇਗਾ ਜਿੱਥੇ ਤੁਸੀਂ ਮੱਦਦਗਾਰ ਜਾਣਕਾਰੀ ਲਈ ਜਾ ਸਕਦੇ ਹੋ; ਇਹ **farmers.gov/22007** ਤੋਂ ਲਿੰਕ ਕੀਤਾ ਹੋਵੇਗਾ।

**2. ਉਹਨਾਂ ਸੰਸਥਾਵਾਂ ਤੋਂ ਬਚੋ ਜੋ ਫੀਸ ਲੈ ਕੇ ਤੁਹਾਡੀ ਦਰਖਾਸਤ ਭਰਨ ਲਈ ਕਹਿ ਰਹੀਆਂ ਹਨ।**

- ਤੁਹਾਨੂੰ IRA ਦੀ ਧਾਰਾ 22007 ਅਧੀਨ ਵਿੱਤੀ ਸਹਾਇਤਾ ਦੀ ਦਰਖਾਸਤ ਦਾਇਰ ਕਰਨ ਲਈ ਵਕੀਲ ਦੀ ਲੋੜ **ਨਹੀਂ** ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਹੈ, ਤਾਂ ਭਰੋਸੇਯੋਗ, ਲਾਇਸੈਂਸਸ਼ੁਦਾ ਵਕੀਲ ਤੋਂ ਸਲਾਹ ਲਓ।
- ਦਰਖਾਸਤ ਪ੍ਰਕਿਰਿਆ ਖੁੱਲਣ ਤੋਂ ਪਹਿਲਾਂ, USDA ਪੂਰੇ ਦੇਸ਼ ਦਰਮਿਆਨ ਭਰੋਸੇਯੋਗ ਕਮਿਊਨਿਟੀ ਸੰਸਥਾਵਾਂ ਦੀ ਸੂਚੀ ਪ੍ਰਕਾਸ਼ਿਤ ਕਰੇਗਾ; ਇਹ ਸੰਸਥਾਵਾਂ ਦਰਖਾਸਤਾਂ ਪੂਰੀਆਂ ਕਰਨ ਲਈ **ਮੁਫਤ** ਵਿੱਚ ਸੇਵਾ ਪ੍ਰਦਾਨ ਕਰਨਗੀਆਂ।
- ਦਰਖਾਸਤ ਦਾਇਰ ਕਰਨਾ **ਮੁਫਤ** ਹੋਵੇਗਾ।
- ਐਡਵਾਂਸ-ਫੀਸ ਧੋਖਾਧੜੀ ਜਾਂ ਵਕਾਲਤ ਤੋਂ ਬਚੋ ਜੋ ਵੱਡੀ ਰਕਮ ਵਿੱਚ ਲਾਹੇਵੰਦ ਹਿੱਸੇ ਦਾ ਵਾਅਦਾ ਕਰਨ।

**3. ਧੋਖਾਧੜੀਆਂ ਦੀ ਰਿਪੋਰਟ ਇੰਸਪੈਕਟਰ ਜਨਰਲ ਦੇ USDA ਦਫਤਰ ਨੂੰ ਕਰੋ।**

- ਉਹਨਾਂ ਧੋਖਾਧੜੀਆਂ ਤੋਂ ਬਚੋ ਜਿਹਨਾਂ ਵਿੱਚ ਵਕੀਲ ਵਜੋਂ ਦਰਸਾਏ ਵਿਅਕਤੀ ਨੂੰ ਇੱਕ ਭਾਗ ਦਾ ਭੁਗਤਾਨ ਕਰਨ ਦੀ ਬੇਨਤੀ ਦੇ ਬਾਅਦ ਝੂਠੇ ਸੈਟਲਮੈਂਟ ਜਾਂ ਕੈਸ਼ੀਅਰ ਚੈੱਕ ਸ਼ਾਮਿਲ ਹੋਵੇ।
- ਜੇ ਤੁਹਾਨੂੰ ਲੱਗਦਾ ਹੈ ਕਿ ਕੋਈ ਸੰਸਥਾ ਹੈ ਜੋ ਇਸ ਪ੍ਰਕਿਰਿਆ ਨਾਲ ਸਬੰਧਿਤ ਧੋਖਾਧੜੀ ਕਰ ਰਹੀ ਹੈ, ਕਿਰਪਾ ਕਰਕੇ ਇੰਸਪੈਕਟਰ ਜਨਰਲ ਦੇ ਦਫਤਰ (OIG) USDA ਜਾਂ ਕਿਸੇ ਹੋਰ ਢੁਕਵੀਂ ਅਥਾਰਟੀਆਂ ਨਾਲ ਸੰਪਰਕ ਕਰੋ। USDA OIG ਹਾਟਲਾਈਨ ਸ਼ਿਕਾਇਤ ਨੂੰ ਆਨਲਾਈਨ **https://usdaoig.oversight.gov/ hotline** ਵਿਖੇ ਪਹੁੰਚ ਕੀਤੀ ਜਾ ਸਕਦੀ ਹੈ; OIG ਦਾ ਫੋਨ ਨੰਬਰ (800) 424-9121 ਹੈ।